# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ ਮੌਜੂਦਾ ਅਤੇ ਯੋਜਨਾਬੱਧ ਉਪਾਅ

# ਰੇਡੀਓ ਟੈਲੀਵਿਜ਼ਨ ਹਾਂਗ ਕਾਂਗ

ਰੇਡੀਓ ਟੈਲੀਵਿਜ਼ਨ ਹਾਂਗ ਕਾਂਗ (RTHK) ਹਾਂਗ ਕਾਂਗ ਦਾ ਪਬਲਿਕ ਸੇਵਾ ਪ੍ਰਸਾਰਕ ਹੈ ਜੋ ਰੇਡੀਓ, ਟੈਲੀਵਿਜ਼ਨ (TV) ਅਤੇ ਨਵੀਂਆਂ ਮੀਡੀਆ ਸੇਵਾਵਾਂ ਪ੍ਰਦਾਨ ਕਰਦਾ ਹੈ।

| | |
|---|---|
| ਸਬੰਧਿਤ ਸੇਵਾਵਾਂ | • RTHK ਕਮਿਉਨਿਟੀ, ਗੈਰ-ਸਰਕਾਰੀ ਸੰਗਠਨਾਂ ਅਤੇ ਘੱਟ ਅਧਿਕਾਰ ਵਾਲਿਆਂ ਨੂੰ ਕਮਿਉਨਿਟੀ ਇਨਵੋਲਵਮੈਂਟ ਬ੍ਰੌਡਕਾਸਟਿੰਗ ਸਰਵਿਸ (CIBS) ਦੇ ਪ੍ਰਬੰਧਾਂ ਦੁਆਰਾ ਪ੍ਰਸਾਰਣ ਵਿੱਚ ਹਿੱਸਾ ਲੈਣ ਲਈ ਇੱਕ ਮੰਚ ਪ੍ਰਦਾਨ ਕਰਨ ਲਈ ਆਪਣੇ ਰੇਡੀਓ ਏਅਰਟਾਈਮ ਦਾ ਕੁਝ ਹਿੱਸਾ ਸਮਰਪਿਤ ਕਰ ਰਿਹਾ ਹੈ। |
| ਮੌਜੂਦਾ ਉਪਾਅ | • CIBS ਦੇ ਅਧੀਨ, ਵੱਖ ਵੱਖ ਨਸਲਾਂ ਦੇ ਲੋਕਾਂ ਸਮੇਤ ਯੋਗ ਵਿਅਕਤੀ ਅਤੇ ਸੰਸਥਾਵਾਂ RTHK 'ਤੇ ਪ੍ਰਸਾਰਿਤ ਕਰਨ ਲਈ ਰੇਡੀਓ ਪ੍ਰੋਗਰਾਮਾਂ ਦੇ ਨਿਰਮਾਣ ਲਈ ਅਰਜ਼ੀ ਦੇ ਸਕਦੇ ਹਨ।<br><br>• RTHK ਉਨ੍ਹਾਂ ਸਫ਼ਲ ਬਿਨੈਕਾਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ ਜੋ CIBS ਦੇ ਅਧੀਨ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨ ਵਿੱਚ ਦਿਲਚਸਪੀ ਰੱਖਦੇ ਹਨ।<br><br>• CIBS ਇਸ ਸਮੇਂ ਹਰ ਹਫ਼ਤੇ 17 ਘੰਟੇ ਦੇ ਪ੍ਰੋਗਰਾਮ ਪ੍ਰਸਾਰਿਤ ਕਰਦਾ ਹੈ। ਉਨ੍ਹਾਂ ਵਿੱਚੋਂ, ਘੱਟੋ ਘੱਟ 5 ਘੰਟੇ ਦਾ ਸਮਾਂ ਵਿਸ਼ੇਸ਼ ਤੌਰ 'ਤੇ ਘੱਟ ਗਿਣਤੀਆਂ ਦੇ ਵਿਸ਼ੇ ਲਈ ਹੁੰਦਾ ਹੈ। ਹੁਣ ਤੱਕ, ਪ੍ਰਸਾਰਣ ਪ੍ਰੋਗਰਾਮਾਂ ਵਿੱਚ ਕੈਂਟੋਨੀਜ਼, ਪੁਟੋਂਗਹੁਆ, ਅੰਗਰੇਜ਼ੀ, ਅਫਰੀਕੀ, ਅਰਬੀ, ਹਾਕਾ, ਹਿੰਦੀ, ਜਪਾਨੀ, ਕੰਨੜ, ਕੋਰੀਆਈ, ਨੇਪਾਲੀ, ਪੰਜਾਬੀ, ਸੰਸਕ੍ਰਿਤ, ਸਪੇਨੀ, ਤਗਾਲੋਗ, ਤਾਮਿਲ, ਤੇਲਗੂ, ਥਾਈ, ਅਤੇ ਉਰਦੂ ਭਾਸ਼ਾਵਾਂ ਸ਼ਾਮਲ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • RTHK CIBS ਪ੍ਰੋਗਰਾਮਾਂ ਵਿੱਚ ਲੋਕਾਂ ਦੀ ਜਾਗਰੂਕਤਾ ਅਤੇ ਭਾਗੀਦਾਰੀ ਦੀ ਸਹੂਲਤ ਲਈ CIBS ਨੂੰ ਉਤਸ਼ਾਹਤ ਕਰਨਾ ਜਾਰੀ ਰੱਖੇਗਾ। ਪ੍ਰਚਾਰ ਦੇ ਯਤਨਾਂ ਵਿੱਚ, ਅਖਬਾਰਾਂ ਜਾਂ ਰਸਾਲਿਆਂ, ਰੋਡ ਸ਼ੋਅ, ਸੋਸ਼ਲ ਮੀਡੀਆ ਪਲੇਟਫਾਰਮ, ਰੇਡੀਓ ਅਤੇ ਟੀਵੀ ਟ੍ਰੇਲਰਾਂ ਅਤੇ ਵੱਖ ਵੱਖ ਨਸਲਾਂ ਦੇ ਲੋਕਾਂ ਦੀ ਸਹਾਇਤਾ ਗਤੀਵਿਧੀਆਂ ਦੇ ਇਸ਼ਤਿਹਾਰ ਸ਼ਾਮਲ ਹੁੰਦੇ ਹਨ। ਇਸ ਤੋਂ ਇਲਾਵਾ, RTHK ਵੱਖ ਵੱਖ ਨਸਲਾਂ ਦੇ ਲੋਕਾਂ ਸਮੇਤ ਵੱਖ-ਵੱਖ ਪ੍ਰਚਾਰ ਸੰਬੰਧੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ CIBS ਨਿਰਮਾਤਾਵਾਂ ਅਤੇ ਪ੍ਰਤਿਭਾਵਾਂ ਨੂੰ ਸੱਦਾ ਦੇਣਾ ਜਾਰੀ ਰੱਖੇਗਾ; ਅਤੇ ਪੇਸ਼ੇਵਰ ਨਿਰਮਾਤਾਵਾਂ |

| | | |
|---|---|---|
| | | ਦੁਆਰਾ ਵੱਖ-ਵੱਖ ਪ੍ਰੋਗਰਾਮਾਂ ਦੇ ਉਤਪਾਦਨ ਲਈ ਸਿਖਲਾਈ ਵਰਕਸ਼ਾਪਾਂ ਪ੍ਰਦਾਨ ਕਰਦੇ ਹੋਏ ਉਹਨਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ ਜੋ CIBS ਦੇ ਅਧੀਨ ਪ੍ਰੋਗਰਾਮਾਂ ਲਈ ਅਰਜ਼ੀ ਦਿੰਦੇ ਹਨ ਜਾਂ ਨਿਰਮਾਣ ਕਰਦੇ ਹਨ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • | RTHK CIBS ਦੀ ਵੈਬਸਾਈਟ ਨੂੰ ਅਪਡੇਟ ਅਤੇ ਬਿਹਤਰ ਬਣਾਏਗੀ ਤਾਂ ਜੋ ਜਨਤਾ ਆਸਾਨੀ ਨਾਲ CIBS ਐਪਲੀਕੇਸ਼ਨਾਂ ਅਤੇ ਪ੍ਰੋਗਰਾਮਾਂ ਬਾਰੇ ਢੁੱਕਵੀਂ ਜਾਣਕਾਰੀ ਪ੍ਰਾਪਤ ਕਰ ਸਕੇ। |
| | • | RTHK ਨੇ ਸਿਹਤ ਵਿਭਾਗ ਨਾਲ ਸਹਿਯੋਗ ਕੀਤਾ ਅਤੇ ਸਿਹਤ ਸੰਦੇਸਾਂ ਨੂੰ ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ ਅੱਠ ਭਾਸ਼ਾਵਾਂ ਜਿਵੇਂ ਕਿ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਗਾਲੋਗ, ਥਾਈ, ਉਰਦੂ ਅਤੇ ਵੀਅਤਨਾਮੀ ਵਿੱਚ ਤਿਆਰ ਕੀਤਾ ਗਿਆ, ਅਤੇ CIBS ਦੀ ਸਮੇਂ ਸੀਮਾ ਵਿੱਚ ਪ੍ਰਸਾਰਿਤ ਕੀਤਾ ਗਿਆ ਹੈ ਜਿਸਦਾ ਉਦੇਸ਼ ਮਹੱਤਵਪੂਰਨ ਸੰਦੇਸਾਂ ਨੂੰ ਬਿਹਤਰ ਢੰਗ ਨਾਲ ਵੱਖ ਵੱਖ ਨਸਲਾਂ ਦੇ ਦਰਸ਼ਕਾਂ ਤੱਕ ਪਹੁੰਚਾਉਣਾ ਹੈ। |
| | • | RTHK ਦੇ ਸਾਥੀਆਂ ਨੂੰ ਨਸਲੀ ਬਰਾਬਰੀ ਪ੍ਰਤੀ ਉਨ੍ਹਾਂ ਦੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ ਸਿਖਲਾਈ ਵਿੱਚ ਸ਼ਾਮਲ ਹੋਣ ਦਾ ਪ੍ਰਬੰਧ ਕੀਤਾ ਜਾਵੇਗਾ। |

ਨਸਲੀ ਬਰਾਬਰਤਾ ਨੂੰ ਉਤਸ਼ਾਹਤ ਕਰਨ ਤੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਦੇ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਨਾਲ ਸੰਪਰਕ ਕਰੋ -

| | | |
|---|---|---|
| ਨਾਮ | : | Tammy CHENG |
| ਅਹੁਦਾ | : | ਮੁੱਖ ਕਾਰਜਕਾਰੀ ਅਧਿਕਾਰੀ (ਵਿਭਾਗੀ ਪ੍ਰਸ਼ਾਸਨ ਇਕਾਈ) |
| ਟੈਲੀਫੋਨ ਨੰ. | : | 2339 6322 |
| ਫੈਕਸ ਨੰ. | : | 2338 0279 |
| ਈਮੇਲ | : | chengslt@rthk.hk |
| ਡਾਕ ਲਈ ਪਤਾ | : | 30 Broadcast Drive, Kowloon, Hong Kong |

**ਰੇਡੀਓ ਟੈਲੀਵਿਜ਼ਨ ਹਾਂਗ ਕਾਂਗ**
**ਮਈ 2023**